# ਦਵਾਈਆਂ 101

## ਐਂਟੀਸਾਈਕੋਟਿਕਸ (ਮਨੋਰੋਗ-ਵਿਰੋਧੀ) ਬਾਰੇ ਤੁਹਾਨੂੰ ਕੀ ਜਾਣਨਾ ਚਾਹੀਦਾ ਹੈ

**ਸਾਇਕੋਸਸਿ (ਮਨੋਰੋਗ) ਦਾ ਇਲਾਜ ਕੀਤਾ ਜਾ ਸਕਦਾ ਹੈ,** ਅਤੇ ਬਹੁਤ ਸਾਰੇ ਲੋਕ ਚੰਗੀ ਸਹਿਤਯਾਬੀ ਹਾਸਲ ਕਰਦੇ ਹਨ – ਖਾਸ ਕਰਕੇ ਜੇ ਉਹਨਾਂ ਨੂੰ ਜਲਦੀ ਮਦਦ ਮਲਿਦੀ ਹੈ। ਇਲਾਜ ਦੀ ਸਫਿਾਰਸ਼ ਆਊਟਪੇਸ਼ੈਂਟ ਦੇ ਆਧਾਰ 'ਤੇ ਜਾਂ ਹਸਪਤਾਲ ਵਿੱਚ ਕੀਤੀ ਜਾ ਸਕਦੀ ਹੈ। ਇਸ ਵਿੱਚ ਆਮ ਤੌਰ 'ਤੇ **ਦਵਾਈਆਂ ਅਤੇ ਸਾਇਕੋਸੋਸ਼ਲ ਦਖਲਅੰਦਾਜ਼ੀਆਂ** ਸ਼ਾਮਲ ਹੁੰਦੀਆਂ ਹਨ।

ਦਵਾਈਆਂ ਜਨ੍ਹਿਾਂ ਨੂੰ ਐਂਟੀਸਾਈਕੋਟਕਿਸ ਦਵਾਈਆਂ ਕਹਿੰਦੇ ਹਨ, ਆਮ ਤੌਰ 'ਤੇ ਜ਼ਰੂਰੀ ਹੁੰਦੀਆਂ ਹਨ। ਇਹ ਮਨੋਰੋਗ ਦੇ ਲੱਛਣਾਂ ਤੋਂ ਰਾਹਤ ਦਵਿਾਉਂਦੀਆਂ ਹਨ ਅਤੇ ਬਮਿਾਰੀ ਦੇ ਹੋਰ ਵਰਤੀਰਆਿਂ ਨੂੰ ਰੋਕ ਸਕਦੀਆਂ ਹਨ।

**ਐਂਟੀਸਾਈਕੋਟਕਿਸ ਦਵਾਈਆਂ ਦੋ ਰੂਪਾਂ ਵਿੱਚ ਉਪਲਬਧ ਹੋ ਸਕਦੀਆਂ ਹਨ:** ਮੂੰਹ ਰਾਹੀਂ (ਗੋਲੀਆਂ) ਜਾਂ ਟੀਕਾ ਲਗਾਉਣਯੋਗ (ਇੱਕ ਮਾਸਕਿ ਟੀਕਾ)। ਆਪਣੇ ਲਈ ਸਭ ਤੋਂ ਵਧੀਆ ਵਕਿਲਪ ਬਾਰੇ ਜਾਣਨ ਲਈ ਆਪਣੀ ਇਲਾਜ ਟੀਮ ਨਾਲ ਗੱਲਬਾਤ ਕਰੋ।

ਸਾਰੀਆਂ ਦਵਾਈਆਂ ਵਾਂਗ, ਐਂਟੀਸਾਈਕੋਟਕਿਸ ਕੁਝ ਵਸ਼ਿੇਸ਼ ਅਣਚਾਹੇ ਪ੍ਰਭਾਵ ਪੈਦਾ ਕਰ ਸਕਦੀਆਂ ਹਨ। ਇਹਨਾਂ ਵਿੱਚ ਇਹ ਸ਼ਾਮਲ ਹੋ ਸਕਦੇ ਹਨ:

- ਹਰਕਤ ਦੇ ਪ੍ਰਭਾਵ
- ਬੇਹੋਸ਼ੀ
- ਭਾਰ ਵਧਣਾ/ਡਾਇਬਟਿੀਜ਼
- ਚੱਕਰ ਆਉਣੇ

ਤੁਹਾਡੀ ਇਲਾਜ ਟੀਮ ਇਹਨਾਂ ਅਣਚਾਹੇ ਪ੍ਰਭਾਵਾਂ ਬਾਰੇ ਨਯਿਮਤਿ ਰੂਪ ਵਿੱਚ ਤੁਹਾਡੇ ਨਾਲ ਵਚਿਾਰ-ਵਟਾਂਦਰਾ ਕਰੇਗੀ ਅਤੇ ਲੋੜ ਅਨੁਸਾਰ ਤੁਹਾਡੀਆਂ ਦਵਾਈਆਂ ਨੂੰ ਵਵਿਸਥਤਿ ਕਰੇਗੀ।

ਮੇਰਾ ਨਾਮ:

ਮੇਰੀਆਂ ਦਵਾਈਆਂ:

ਦਵਾਈਆਂ ਬਾਰੇ ਮੇਰੇ ਸਵਾਲ ਕੀ ਹਨ?

## ਸਾਇਕੋਸਸਿ ਅਤੇ ਦਮਿਾਗ

ਸਾਇਕੋਸਸਿ ਘੱਟੋ-ਘੱਟ ਅੰਸ਼ਕ ਤੌਰ 'ਤੇ, ਡੋਪਾਮਾਈਨ ਨਾਮਕ ਦਮਿਾਗ ਦੇ ਰਸਾਇਣ ਦੀ ਹੱਦੋਂ ਵੱਧ ਸਰਗਰਮੀ ਕਰਕੇ ਹੋਣ ਦਾ ਕਾਰਨ ਮੰਨਿਆ ਜਾਂਦਾ ਹੈ। ਬਹੁਤ ਜ਼ਆਿਦਾ ਡੋਪਾਮਾਈਨ ਮਨੋਰੋਗ ਦੇ ਕੁਝ ਲੱਛਣਾਂ ਦਾ ਕਾਰਨ ਬਣਦੀ ਹੈ – ਜਵਿੇਂ ਕ ਿਭਰਮ (ਅਜਹਿੀਆਂ ਚੀਜ਼ਾਂ ਬਾਰੇ ਮਹਸਿੂਸ ਕਰਨਾ ਜੋ ਮੌਜੂਦ ਨਹੀਂ ਹਨ) ਅਤੇ ਭੁਲੇਖੇ (ਗਲਤ ਵਸ਼ਿਵਾਸ)।

ਐਂਟੀਸਾਈਕੋਟਕਿਸ ਦਵਾਈਆਂ ਡੋਪਾਮਾਈਨ ਦੇ ਪ੍ਰਭਾਵ ਨੂੰ ਰੋਕ ਕੇ ਕੰਮ ਕਰਦੀਆਂ ਹਨ। ਇਹ ਬਲੌਕਗਿ ਮਨੋਰੋਗ ਦੇ ਲੱਛਣਾਂ ਨੂੰ ਘੱਟ ਪ੍ਰਭਾਵਤਿ ਕਰਨ ਵਿੱਚ ਮਦਦ ਕਰਦੀ ਹੈ, ਪਰ ਇਹ ਹਮੇਸ਼ਾਂ ਇਹਨਾਂ ਲੱਛਣਾਂ ਨੂੰ ਪੂਰੀ ਤਰ੍ਹਾਂ ਦੂਰ ਨਹੀਂ ਕਰਦੀ। ਲੋਕ ਅਜੇ ਵੀ ਆਵਾਜ਼ਾਂ ਸੁਣ ਸਕਦੇ ਹਨ ਅਤੇ ਉਹਨਾਂ ਨੂੰ ਭੁਲੇਖੇ ਹੋ ਸਕਦੇ ਹਨ, ਪਰ ਉਹ ਇਹ ਪਛਾਣ ਕਰਨ ਦੇ ਬਹਿਤਰ ਯੋਗ ਹੁੰਦੇ ਹਨ ਕ ਿਕੀ ਇਹ ਅਸਲੀ ਨਹੀਂ ਹੈ ਅਤੇ ਹੋਰ ਚੀਜ਼ਾਂ 'ਤੇ ਧਆਿਨ ਕੇਂਦਰਤਿ ਕਰਨ ਦੇ ਯੋਗ ਹੁੰਦੇ ਹਨ, ਜਵਿੇਂ ਕ ਿਕੰਮ, ਸਕੂਲ ਜਾਂ ਪਰਵਿਾਰ।

**ਸਹਾਇਤਾ ਉਪਲਬਧ ਹੈ। ਆਪਣਾ ਸਥਾਨਕ ਅਰਲੀ ਸਾਈਕੋਸਸਿ ਇੰਟਰਵੈਨਸ਼ਨ ਪ੍ਰੋਗਰਾਮ (EPION) ਲੱਭਣ ਲਈ help4psychosis.ca 'ਤੇ ਜਾਓ**

EPION
EARLY PSYCHOSIS INTERVENTION ONTARIO NETWORK

ਅਰਲੀ ਸਾਈਕੋਸਸਿ ਇੰਟਰਵੈਨਸ਼ਨ ਓਨਟੈਰੀਓ ਨੈੱਟਵਰਕ (EPION) ਵਸ਼ਿੇਸ਼ ਸੇਵਾ ਪ੍ਰਦਾਤਾਵਾਂ, ਗਾਹਕਾਂ, ਅਤੇ ਉਹਨਾਂ ਦੇ ਪਰਵਿਾਰਾਂ ਦਾ ਇੱਕ ਨੈੱਟਵਰਕ ਹੈ। ਸਾਡਾ ਟੀਚਾ ਹੈ ਸਾਰੇ ਓਨਟੈਰੀਓ ਵਾਸੀਆਂ ਨੂੰ ਸ਼ੁਰੂਆਤੀ ਇਲਾਜ ਅਤੇ ਸਹਾਇਤਾ ਪ੍ਰਦਾਨ ਕਰਾਉਣਾ ਜੋ ਸਾਈਕੋਸਸਿ ਨਾਲ ਨਜਿੱਠ ਰਹੇ ਹਨ।

© 2020 Early Psychosis Intervention Ontario Network (EPION). All rights reserved.

EPION-MEDS-V2020DEC6-2021Punjabi